JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਸਲੋਕ ਸਹਸਕ੍ਰਿਤੀ : ਇਕ ਅਧਿਐਨ

Harpreet Kaur

ਜਗਤ ਵਿਚ ਧਾਰਮਿਕ ਰਚਨਾਵਾਂ ਜਾਂ ਪਵਿੱਤਰ ਪ੍ਰਵਚਨਾਂ ਦਾ ਘੇਰਾ ਬਹੁਤ ਵਸੀਹ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਨਿਵੇਕਲਾ ਅਤੇ ਵਿਲੱਖਣ ਸਥਾਨ ਹੈ। ਇਸ ਵਿਚ ੧੨ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਤਕ ਹਰ ਧਰਮ ਨਾਲ ਜੁੜੇ ਸੰਤਾਂ, ਭਗਤਾਂ ਤੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਅਰਬੀ, ਫ਼ਾਰਸੀ, ਉਰਦੂ, ਸੰਸਕ੍ਰਿਤ, ਹਿੰਦੀ, ਬ੍ਰਿਜ ਅਤੇ ਠੇਠ ਪੰਜਾਬੀ ਦੇ ਸ਼ਬਦਾਂ ਦਾ ਸੁਮੇਲ ਹੈ। ਮੈਂ ਆਪਣੇ ਪਰਚੇ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮੁਕਤ ਬਾਣੀ ਸਲੋਕ ਸਹਸਕ੍ਰਿਤੀ ਨੂੰ ਬਣਾਇਆ ਹੈ।

ਸਲੋਕ ਸਹਸਕ੍ਰਿਤੀ ਰਾਗ-ਮੁਕਤ ਬਾਣੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਮੁਕਤ ਬਾਣੀਆਂ ਵਿਚੋਂ ਪਹਿਲੇ ਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੩੫੩ ਤੋਂ ਲੈ ਕੇ ੧੩੬੦ ਤਕ ਸੁਭਾਇਮਾਨ ਹੈ। ਸਲੋਕ ਸਹਸਕ੍ਰਿਤੀ ਦੋ ਗੁਰੂ ਸਾਹਿਬਾਨ ਦੁਆਰਾ ਰਚਿਤ ਬਾਣੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦੁਆਰਾ ਰਚਿਤ 'ਸਲੋਕ ਸਹਸਕ੍ਰਿਤੀ ਮਹਲਾ ੧' ਅਤੇ ਗੁਰੂ ਅਰਜਨ ਪਾਤਸ਼ਾਹ ਦੁਆਰਾ ਰਚਿਤ 'ਸਲੋਕ ਸਹਸਕ੍ਰਿਤੀ ਮਹਲਾ ੫' ਅਧੀਨ ਦਰਜ ਹੈ। 'ਸਲੋਕ ਸਹਸਕ੍ਰਿਤੀ ਮਹਲਾ ੧' ਵਿਚ ਚਾਰ ਸਲੋਕ ਹਨ। ਗੁਰੂ ਨਾਨਕ ਪਾਤਸ਼ਾਹ ਦੁਆਰਾ ਉਚਾਰਨ 'ਸਲੋਕ ਸਹਸਕ੍ਰਿਤੀ ਮਹਲਾ ੧' ਦੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਯੁਕਤ ਸਥਾਨ 'ਤੇ ਵੀ ਦਰਜ ਹਨ। ਇਨ੍ਹਾਂ ਵਿਚੋਂ ਪਹਿਲਾ ਸਲੋਕ 'ਆਸਾ ਦੀ ਵਾਰ' (ਅੰਗ ੪੭੦) ਦੀ ੧੪ਵੀਂ ਪਉੜੀ ਨਾਲ ਵੀ ਦਰਜ ਹੈ। ਪਹਿਲਾ ਸਲੋਕ ਨਾਨਕ ਪਾਤਸ਼ਾਹ ਦਾ ਹੈ ਅਤੇ ਬਾਕੀ ਦੋ ਦੇ ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ। ਦੂਜਾ ਸਲੋਕ 'ਮਾਝ ਦੀ ਵਾਰ' (ਅੰਗ ੧੪੮) ਦੀ ੨੩ਵੀਂ ਪਉੜੀ ਨਾਲ ਗੁਰੂ ਅੰਗਦ ਦੇਵ ਜੀ ਦੇ ਨਾਂ ਅਧੀਨ ਦਰਜ ਹੈ। ਤੀਜਾ ਅਤੇ ਚੌਥਾ ਸਲੋਕ 'ਆਸਾ ਦੀ ਵਾਰ' (ਅੰਗ ੪੬੯) ਦੀ ੧੨ਵੀਂ ਪਉੜੀ ਦੇ ਅਰੰਭ ਵਿਚ ਆਏ ਪੰਜ ਸਲੋਕਾਂ ਵਿਚੋਂ ਤੀਜਾ ਤੇ ਚੌਥਾ ਸਲੋਕ 'ਮਹਲਾ ੨' ਦੇ ਸਿਰਲੇਖ ਅਧੀਨ ਦਰਜ ਹੈ। ਇਨ੍ਹਾਂ ਵਿਚੋਂ ਪਹਿਲੇ ਦੀਆਂ ਦਸ, ਦੂਜੇ ਤੇ ਤੀਜੇ ਦੀਆਂ ਚਾਰ-ਚਾਰ ਅਤੇ ਚੌਥੇ ਦੀਆਂ ਤਿੰਨ ਤੁਕਾਂ ਹਨ। ਇਸੇ ਤਰ੍ਹਾਂ 'ਸਲੋਕ ਸਹਸਕ੍ਰਿਤੀ ਮਹਲਾ ੫' ਵਿਚ ੬੭ ਸਲੋਕ ਹਨ। ਇਨ੍ਹਾਂ ਵਿਚ ਦੋ ਤੋਂ ਲੈ ਕੇ ਸੱਤ ਤਕ ਤੁਕਾਂ ਦਰਜ ਹਨ। ਤੁਕਾਂ ਦੇ ਆਕਾਰ-ਪ੍ਰਕਾਰ ਬਾਰੇ ਕੋਈ ਨਿਸ਼ਚਿਤ ਵਿਧਾਨ ਨਹੀਂ ਹੈ। ਸਲੋਕ ਸਹਸਕ੍ਰਿਤੀ ਬਾਰੇ ਜਾਣਨ ਤੋਂ ਪਹਿਲਾਂ 'ਸਹਸਕ੍ਰਿਤੀ' ਬਾਰੇ ਜਾਨਣਾ ਅਤਿ ਅਵੱਸ਼ਕ ਹੈ। 'ਸਹਸਕ੍ਰਿਤੀ' ਸ਼ਬਦ ਪੜ੍ਹਨ 'ਤੇ ਇਵੇਂ ਮਹਿਸੂਸ ਹੁੰਦਾ ਹੈ ਜਿਵੇਂ ਕਿ ਇਹ ਸ਼ਬਦ 'ਸੰਸਕ੍ਰਿਤ' ਭਾਸ਼ਾ ਹੋਵੇ ਪਰ ਸੰਸਕ੍ਰਿਤ ਤੋਂ ਭਾਵ ਸਮ+ਕ੍ਰਿਤ।

ਮਹਾਨ ਕੋਸ਼ ਅਨੁਸਾਰ ਸੰਸਕ੍ਰਿਤ: ੪. ਵਜਾਕਰਣ ਦੀ ਰੀਤਿ ਅਨੁਸਾਰ ਸੁਧਾਈ ਹੋਈ ਬੋਲੀ। ੫. ਸੰਗਯਾ-ਦੇਵਭਾਸ਼ਾ, ਸੰਸਕ੍ਰਿਤ (संस्कृत) [1]। ਸਹਸਕ੍ਰਿਤੀ ਤੋਂ ਭਾਵ ਹੈ ਸਹਜੇ ਰਚੀ ਸੁਖੱਲੀ ਰਚੀ ਕ੍ਰਿਤ। ਸਹਸਕ੍ਰਿਤੀ ਸ਼ਬਦ ਸੰਸਕ੍ਰਿਤ ਦਾ ਪ੍ਰਾਕ੍ਰਿਤ ਰੂਪ ਹੈ ਅਤੇ ਇਹ ਸ਼ਬਦ ਉਸ ਭਾਸ਼ਾ ਲਈ ਪ੍ਰਚੱਲਿਤ ਹੋਇਆ ਜਿਹੜੀ ਸੰਸਕ੍ਰਿਤ ਦੀਆਂ ਲੀਹਾਂ ਤੇ ਪਾਲੀ ਅਤੇ ਪ੍ਰਾਕ੍ਰਿਤ ਦੇ ਸੰਜੋਗ ਨਾਲ ਹੋਂਦ ਵਿਚ ਆਈ ਸੀ। ਇਹ ਭਾਸ਼ਾ ਆਮ ਕਰਕੇ ਸਿਧਾਂ-ਨਾਥਾਂ ਦੇ ਡੇਰਿਆਂ 'ਚ ਅੰਤਰ-ਸੰਵਾਦ ਲਈ ਵਰਤੀ ਜਾਂਦੀ ਸੀ। ਜਿਵੇਂ ਮੱਧਯੁੱਗ ਦੌਰਾਨ ਲਗਪਗ ਸਾਰੇ ਹਿੰਦੁਸਤਾਨ ਵਿਚ ਸਾਧ-ਭਾਸ਼ਾ ਆਸਾਨੀ ਨਾਲ ਸਮਝੀ ਜਾਂਦੀ ਸੀ, ਉਵੇਂ ਹੀ ਅਪਭ੍ਰੰਸ਼ਾਂ ਦੇ ਵਿਕਸਤ ਹੋਣ ਤੋਂ ਪਹਿਲਾਂ ਸਹਸਕ੍ਰਿਤੀ ਅਧਿਆਤਮਕ ਗੋਸ਼ਟੀਆਂ ਸੰਵਾਦਾਂ ਲਈ ਸਰਬ-ਪ੍ਰਵਾਨਿਤ ਰਹੀ ਹੈ ਜਿਵੇਂ ਸੰਸਕ੍ਰਿਤ ਦੇ 'ਸੰਸ਼ਯ' ਤੋਂ ਪ੍ਰਾਕ੍ਰਿਤ ਰੂਪ 'ਸਹਸਾ' ਬਣ ਗਿਆ, ਉਵੇਂ ਹੀ ਸੰਸਕ੍ਰਿਤ ਸ਼ਬਦ ਤੋਂ ਸਹਸਕ੍ਰਿਤੀ ਬਣ ਗਿਆ ਸਪਸ਼ਟ ਹੈ ਕਿ ਉਕਤ ਸਲੋਕ ਸੰਸਕ੍ਰਿਤ ਭਾਸ਼ਾ ਦੇ ਨਹੀਂ ਬਲਕਿ ਪ੍ਰਾਕ੍ਰਿਤ ਬੋਲੀ ਨਾਲ ਸੰਬੰਧਿਤ ਹਨ।

ਪੁਰਾਤਨ ਸਮੇਂ ਵਿਚ ਸੰਸਕ੍ਰਿਤ ਨੂੰ ਵਿਦਵਾਨਾਂ ਜਾਂ ਪੰਡਿਤਾਂ ਦੀ ਭਾਸ਼ਾ ਵੀ ਕਿਹਾ ਜਾਂਦਾ ਸੀ। ਜਿਸ ਵਿਚ ਅਨੇਕਾਂ ਵੇਦ, ਸ਼ਾਸਤਰ ਆਦਿ ਲਿਖੇ ਗਏ ਸਨ ਪਰ ਉਹ ਆਮ ਵਿਅਕਤੀ ਦੀ ਸਮਝ ਤੋਂ ਪਰੇ ਸੀ। ਸਮੇਂ ਦੇ ਬਦਲਾਵ ਨਾਲ ਸੰਸਕ੍ਰਿਤ ਭਾਸ਼ਾ ਆਪਣਾ ਰੂਪ ਬਦਲਣ ਲੱਗੀ ਕਿਉਂਕਿ ਪੰਜਾਬ ਉਪਰ ਬਹੁਤ ਸਾਰੀਆਂ ਬਾਹਰੀਆਂ ਕੌਮਾਂ ਵਲੋਂ (ਜਿਵੇਂ ਆਰੀਆ, ਯੂਨਾਨੀ, ਸ਼ੱਕ ਆਦਿ) ਹਮਲੇ ਹੋਏ। ਉਨ੍ਹਾਂ ਹਮਲਿਆਂ ਤੇ ਬਾਹਰੀ ਲੋਕਾਂ ਦੇ ਇਥੇ ਆ ਕੇ ਵੱਸਣ ਨਾਲ ਅਤੇ ਲੋਕਾਂ ਦੇ ਆਪਸੀ ਮੇਲ-ਜੋਲ ਨਾਲ ਸੰਸਕ੍ਰਿਤ ਭਾਸ਼ਾ ਵਿਚ ਅਨੇਕਾਂ ਸ਼ਬਦ ਦੂਜੀਆਂ ਬੋਲੀਆਂ ਦੇ ਆ ਕੇ ਮਿਲ ਗਏ ਭਾਵੇਂ ਇਸ ਭਾਸ਼ਾ ਵਿਚ ਬਹੁਤੇ ਸ਼ਬਦ ਸੰਸਕ੍ਰਿਤ ਵਾਲੇ ਰਹੇ ਪਰ ਇਸ ਭਾਸ਼ਾ ਦਾ ਨਾਮ ਪ੍ਰਾਕ੍ਰਿਤ ਪਿਆ ਤੇ ਪ੍ਰਾਕ੍ਰਿਤ ਭਾਸ਼ਾ ਆਮ ਤੌਰ 'ਤੇ ਨਾਟਕਾਂ ਆਦਿ ਵਿਚ ਵਰਤੀ ਜਾਂਦੀ ਸੀ। ਇਸ ਪ੍ਰਾਕ੍ਰਿਤ ਭਾਸ਼ਾ ਵਿਚ ਬੁੱਧ ਧਰਮ ਦੇ ਕਈ ਗ੍ਰੰਥ ਲਿਖੇ ਗਏ ਸਨ। ਪ੍ਰਾਕ੍ਰਿਤ ਕੋਈ ਇਕ ਭਾਸ਼ਾ ਨਹੀਂ ਹੈ ਸਗੋਂ ਉਸ ਸਮੇਂ ਦੀਆਂ ਬੋਲੀਆਂ ਦਾ ਮਿਸ਼ਰਨ ਨਾਲ ਬਣੀ ਮਿਲੀ ਜੁਲੀ ਭਾਸ਼ਾ ਹੈ। ਸਮੇਂ ਦੇ ਬਦਲਾਵ ਤੋਂ ਬਾਅਦ ਜੋ ਪ੍ਰਾਕ੍ਰਿਤ ਭਾਸ਼ਾ ਦਾ ਰੂਪ ਬਣਿਆ

ਉਹ ਪੁਰਾਤਨ ਪੰਜਾਬੀ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਸਰ ਵਰਤੀ ਗਈ ਹੈ, ਉਸ ਨੂੰ ਸਤਿਗੁਰਾਂ ਨੇ ਸਹਸਕ੍ਰਿਤੀ ਕਰਕੇ ਲਿਖੀ ਹੈ, ਇਹ ਬੋਲੀ ਸਾਧੂ-ਸੰਤ ਵਰਤਦੇ ਸਨ, ਜਿਵੇਂ ਅੱਜਕਲ੍ਹ ਵੀ ਸਾਧੂ ਲੋਕ ਠੇਠ ਪੰਜਾਬੀ ਨਹੀਂ ਬੋਲਦੇ, ਉਹ ਆਪਣੇ ਲਿਖਣ ਤੇ ਬੋਲਣ ਵਿਚ ਸੰਸਕ੍ਰਿਤ, ਬ੍ਰਿਜ ਭਾਸ਼ਾ ਤੇ ਪੰਜਾਬੀ ਮਿਲਾ ਕੇ ਬੋਲਦੇ ਹਨ। ਇਸ ਲਈ ਇਸ ਨੂੰ ਸਾਧ ਭਾਖਾ ਕਿਹਾ ਜਾਂਦਾ ਹੈ, ਇਵੇਂ ਹੀ ਸਹਸਕ੍ਰਿਤ ਨੂੰ ਸਾਧ ਭਾਖਾ ਕਹਿ ਲਿਆ ਜਾਵੇ ਤਾਂ ਅਸਚਰਜ ਨਹੀਂ ਹੋਵੇਗਾ। ਸਹਸਕ੍ਰਿਤੀ ਨੂੰ ਗਾਥਾ ਵੀ ਕਿਹਾ ਜਾਂਦਾ ਹੈ।

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ : ਸਹਸਕ੍ਰਿਤੀ ਜਿਵੇਂ ਪੁਰਾਣੇ ਜ਼ਮਾਨੇ ਵਿਚ ਪ੍ਰਾਕ੍ਰਿਤ ਦੇ ਮੁਕਾਬਲੇ ਸੰਸਕ੍ਰਿਤ ਹੁੰਦੀ ਸੀ ਗੁਰੂ ਸਾਹਿਬ ਦੇ ਵਕਤ ਆਪ ਪ੍ਰਾਕ੍ਰਿਤ ਬੋਲੀਆਂ ਦੇ ਮੁਕਾਬਲੇ ਵਿਚ ਇਕ ਬਣਾਉਟੀ ਜਿਹੀ ਬੋਲੀ ਪ੍ਰਚੱਲਤ ਸੀ ਜਿਸ ਨੂੰ 'ਗਾਥਾ' ਜਾਂ 'ਸਹਸਕ੍ਰਿਤੀ' ਕਹਿੰਦੇ ਹਨ। ਇਹ ਸਾਧਾਂ ਸੰਤਾਂ ਦੇ ਡੇਰਿਆਂ ਉਤੇ ਸਾਰੇ ਹਿੰਦੁਸਤਾਨ ਵਿਚ ਸਮਝੀ ਜਾਂਦੀ ਸੀ। ਇਹ ਵੱਖੋ-ਵੱਖਰੇ ਸੂਬਿਆਂ ਦੀਆਂ ਬੋਲੀਆਂ ਦੇ ਵਿਆਕਰਣ ਵਖੇਵਿਆਂ ਤੋਂ ਅਜ਼ਾਦ ਹੁੰਦੀ ਸੀ। ਮਸਲਨ ਕਰਤੇ ਹੈ, ਕਰਦੇ ਹਨ ਆਦਿ ਪ੍ਰਾਕ੍ਰਿਤ ਰੂਪਾਂ ਦੀ ਥਾਂ 'ਕਰੰਤਿ' ਹੀ ਕੰਮ ਦੇ ਜਾਂਦਾ ਸੀ।[2]

ਡਾ. ਰਤਨ ਸਿੰਘ ਜੱਗੀ ਅਨੁਸਾਰ : ਇਸ ਸਿਰਲੇਖ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਰਾਗ ਮੁਕਤ ਬਾਣੀਆਂ' ਵਿਚ ਪਹਿਲੇ ਸਥਾਨ ਉਤੇ ਸ਼ਾਮਲ ਕੀਤੀ ਗਈ ਹੈ। 'ਸਹਸਕ੍ਰਿਤੀ' ਸ਼ਬਦ 'ਸੰਸਕ੍ਰਿਤ' ਸ਼ਬਦ ਦਾ ਪ੍ਰਾਕ੍ਰਿਤ ਰੂਪ ਹੈ। ਇਹ ਉਹ ਭਾਸ਼ਾ ਵਿਚ ਵਰਤਿਆ ਜਾਂਦਾ ਹੈ ਜੋ ਸੰਸਕ੍ਰਿਤ ਦੀਆਂ ਲੀਹਾਂ ਉਤੇ ਪਾਲੀ ਅਤੇ ਪ੍ਰਾਕ੍ਰਿਤ ਦੇ ਸੰਯੋਗ ਨਾਲ ਬਣੀ ਸੀ ਅਤੇ ਆਮ ਤੌਰ 'ਤੇ ਮੁੱਢਲੇ ਸਿੱਧਾਂ, ਨਾਥਾਂ ਆਦਿ ਦੇ ਡੇਰਿਆਂ ਉਤੇ ਬੋਲੀ ਜਾਂਦੀ ਸੀ। ਮੱਧ-ਯੁੱਗ ਵਿਚ ਜਿਵੇਂ ਸਾਧਾਂ-ਭਾਖਾ ਸਾਰੇ ਹਿੰਦੁਸਤਾਨ ਵਿਚ ਸਮਝੀ ਜਾਂਦੀ ਸੀ, ਉਸੇ ਤਰ੍ਹਾਂ ਅਪਭ੍ਰੰਸ਼ ਦੇ ਵਿਕਸਿਤ ਹੋਣ ਤੋਂ ਪਹਿਲਾਂ ਇਹ ਭਾਸ਼ਾ ਅਧਿਆਤਮਿਕ ਵਿਚਾਰ-ਵਟਾਂਦਰੇ ਲਈ ਸਰਬਤ੍ਰ ਪ੍ਰਵਾਨ ਸੀ।[3]

ਮਹਾਨ ਕੋਸ਼ ਅਨੁਸਾਰ: ਸਹਸਕ੍ਰਿਤ ਸੰਗਯਾ, ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਤੋਂ ਬਣੀ ਹੋਈ ਇਕ ਭਾਸ਼ਾ ਜਿਸ ਦਾ ਨਾਉ 'ਗਾਥਾ' ਭੀ ਹੈ। ਇਸੇ ਵਿਚ 'ਸਲੋਕ ਸਹਸਕ੍ਰਿਤੀ' ਲਿਖੀ ਗਈ ਹੈ।[4]

ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼ ਦੇ ਅਨੁਸਾਰ ਸਹਸਕ੍ਰਿਤੀ ਦੇ ਅਰਥ ਇਸ ਅਨੁਸਾਰ ਕੀਤੇ ਗਏ ਹਨ:

ਸਹਸਕ੍ਰਿਤੀ: ਸੰਸਕ੍ਰਿਤ ਦਾ ਇਕ ਬਦਲਿਆ ਰੂਪ, ਜੋ ਪ੍ਰਾਕ੍ਰਿਤ ਤੇ ਗਾਥਾ ਦੇ ਨੇੜੇ ਦਾ ਹੈ, ਸਹਸਕ੍ਰਿਤੀ ਕਹਿਲਾਉਂਦਾ ਹੈ। ਇਸਨੂੰ ਅਸੀਂ 'ਲੋਕ ਸੰਸਕ੍ਰਿਤ' ਕਹਿ ਸਕਦੇ ਹਾਂ ਜਿਸ ਨੂੰ ਕਿ ਨਾਂ ਆਪਣੀ ਮਰਜ਼ੀ ਅਨੁਸਾਰ ਢਾਲ ਕੇ ਨਵਾਂ ਰੂਪ ਦਿਤਾ ਪ੍ਰੰਤੂ ਇਸਨੂੰ ਸੰਸਕ੍ਰਿਤ ਸਮਝਣਾ ਭੁੱਲ ਹੈ ਤੇ ਇਸ ਉਤੇ ਸੰਸਕ੍ਰਿਤ ਵਿਆਕਰਣ ਦੇ ਨੇਮਾਂ ਨੂੰ ਲਾਗੂ ਕਰਨਾ ਵੀ ਠੀਕ ਨਹੀਂ। ਗੁਰੂ ਨਾਨਕ ਸਾਹਿਬ ਨੇ ਅਜਿਹੀ ਲੋਕ-ਭਾਸ਼ਾ ਵਿਚ ਕੁਝ ਸਲੋਕ ਲਿਖੇ ਹਨ ਤੇ ਗੁਰੂ ਅਰਜਨ ਦੇਵ ਜੀ ਇਸੇ ਸਿਰਲੇਖ ਹੇਠ ੬੭ ਸਲੋਕ ਉਚਾਰਨ ਕੀਤੇ, ਜੋ ਕਿ ਰਾਗਾਂ ਵਾਲੀ ਬਾਣੀ ਦੇ ਅੰਤ 'ਤੇ ਦਰਜ ਹਨ। ਮਾਲੂਮ ਹੁੰਦਾ ਹੈ ਕਿ ਸੰਤਭਾਸ਼ਾ ਦੀ ਸਗੁੱਧੜੀ ਬਣਤਰ ਵਾਂਙ, ਕਵੀਜਨ ਸਾਧਾਰਣ ਭਾਸ਼ਾ ਨੂੰ ਬਿੰਦੀਆਂ ਟਿੱਪੀਆਂ ਲਾ ਕੇ ਇਕ ਨਵੀਂ ਭਾਸ਼ਾ ਸ਼ੈਲੀ ਨੂੰ ਮੂਰਤੀਮਾਨ ਕਰਦੇ ਸਨ ਤੇ ਸਤਿਗੁਰਾਂ ਵੀ ਇਸਦਾ ਪ੍ਰਯੋਗ ਕੀਤਾ। ਵੰਨਗੀ ਇਸ ਪ੍ਰਕਾਰ ਹੈ:

> ਨਹ ਬਿਲੰਬ ਧਰਮੰ ਬਿਲੰਬ ਪਾਪੰ ॥ ਦ੍ਰਿੜੰਤ ਨਾਮੰ ਤਜੰਤ ਲੋਭੰ ॥
>
> ਸਰਣਿ ਸੰਤੰ ਕਿਲਬਿਖ ਨਾਸੰ ॥ ਪ੍ਰਾਪਤੰ ਧਰਮ ਲਖ੍ਯਿਣ ਨਾਨਕ ਜਿਹ ਸੁਪ੍ਰਸੰਨ ਮਾਧਵਹ ॥[5]
>
> (ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੪)

ਵੱਖ ਵੱਖ ਭਾਸ਼ਾਵਾਂ ਵਿਚ ਗ੍ਰੰਥ ਪੜ੍ਹਨ ਦਾ ਰੁਝਾਨ ਪੁਰਾਤਨ ਸਮੇਂ ਤੋਂ ਪ੍ਰਚਲਿਤ ਪ੍ਰਤੀਤ ਹੁੰਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਲਿਖਿਆ ਹੈ।

> ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾਂ ।।[6]

ਗੁਰੂ ਸਾਹਿਬ ਦੀ ਰਚੀ ਇਹ ਬਾਣੀ ਵਿਆਕਰਣ ਦੇ ਨਿਯਮਾਂ ਹੇਠ ਨਹੀਂ ਤੁਰਦੀ ਦਿਸਦੀ ਤੇ ਇਹ ਅਲੱਗ ਹੀ ਆਪਣੇ ਕਦਮਾਂ 'ਤੇ ਤੁਰਦੀ ਨਜ਼ਰ ਆਉਂਦੀ ਹੈ। ਸਹਸਕ੍ਰਿਤੀ ਸਲੋਕ ਇਹ ਵੱਖਰੀ ਗੁੰਮ ਹੋ ਚੁਕੀ ਸਾਧ ਭਾਸ਼ਾ ਦਾ ਅਤਿ ਸੁੰਦਰ ਨਮੂਨਾ ਹੈ। ਸਤਿਗੁਰਾਂ ਨੇ ਇਸ ਬੋਲੀ ਦਾ ਵੱਖਰਾਪਣ ਦਰਸਾਉਣ ਹਿਤ ਹੀ ਇਨ੍ਹਾਂ ਉਪਰ 'ਸਹਸਕ੍ਰਿਤੀ' ਗਾਥਾ ਲਿਖ ਦਿਤੀ ਹੈ।

'ਸਲੋਕ ਸਹਸਕ੍ਰਿਤੀ' ਦੇ ਉਚਾਰਨ ਬਾਰੇ ਕਿਹਾ ਜਾਂਦਾ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ ਦੇ ਭੁੱਲੇ-ਭਟਕਿਆਂ ਲੋਕਾਂ ਦਾ ਕਲਿਆਣ ਕਰਨ ਲਈ ਵੱਖ-ਵੱਖ ਅਸਥਾਨਾਂ 'ਤੇ ਗਏ, ਜਿਨ੍ਹਾਂ ਨੂੰ ਉਦਾਸੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਸਾਰਿਕ ਜੀਵਾਂ ਜਾਂ ਭੇਖੀ ਸਾਧਾਂ ਦੇ ਅਡੰਬਰਾਂ ਵਿਚ ਫਸੇ ਭੋਲੇ-ਭਾਲੇ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ ਗੁਰੂ ਸਾਹਿਬ ਭਾਈ ਮਰਦਾਨਾ ਨਾਲ ਕਾਸ਼ੀ ਨਗਰ ਪੁੱਜੇ ਤਾਂ ਕੀ ਵੇਖਦੇ ਹਨ ਕਿ ਪੰਡਿਤ ਥਾਂ-ਥਾਂ ਗੱਦੀਆਂ ਲਾ ਕੇ ਭੋਲੇ-ਭਾਲੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਠੱਗੀ ਜਾ ਰਹੇ ਸਨ। ਇਨ੍ਹਾਂ ਪੰਡਤਾਂ ਵਿੱਚ ਗੋਪਾਲ ਦੱਤ ਨਾਮੀ ਪੰਡਤ ਸਭ ਤੋਂ ਜ਼ਿਆਦਾ ਮੂਰਤੀਆਂ ਰੱਖ ਕੇ ਬੈਠਾ ਪਿਆ ਸੀ। ਗੁਰੂ ਨਾਨਕ ਪਾਤਸ਼ਾਹ ਪੈਰ ਧੋਤੇ ਬਗ਼ੈਰ ਪੰਡਤ ਗੋਪਾਲ ਦੱਤ ਦੀ ਪੂਜਾ ਵਿਚ ਜਾ ਬੈਠੇ ਜਿਸ ਕਰਕੇ

ਪੰਡਤ ਗੋਪਾਲ ਦੱਤ ਤੇ ਉਸ ਦੇ ਚੇਲੇ ਕ੍ਰੋਧ ਵਿਚ ਆ ਕੇ ਗੁਰੂ ਜੀ ਨੂੰ ਆਖਣ ਲੱਗੇ ਕਿ ਤੁਸਾਂ ਸਾਡੀ ਪੂਜਾ ਭ੍ਰਸ਼ਟ ਕਰ ਦਿਤੀ ਹੈ। ਸਾਹਿਬਾਂ ਨੇ ਉੱਤਰ ਦਿਤਾ ਕਿ ਇਸ ਪਾਖੰਡ ਦੀ ਪੂਜਾ ਨੇ ਤੁਹਾਡਾ ਕਲਿਆਣ ਨਹੀਂ ਕਰਨਾ। ਇਹ ਸੁਣ ਕੇ ਪੰਡਤ ਸ਼ਾਂਤ ਚਿਤ ਹੋ ਗਿਆ ਤੇ ਗੁਰੂ ਜੀ ਨੂੰ ਕਲਿਆਣ ਕਰਨ ਹਿਤ ਉਪਦੇਸ਼ ਦੇਣ ਲਈ ਕਿਹਾ। ਗੁਰੂ ਸਾਹਿਬ ਨੇ ਗੋਪਾਲ ਦੱਤ ਪੰਡਤ ਦੀ ਪ੍ਰਥਾਇ ਸਭ ਨੂੰ ਸੁਣਾਉਂਦੇ ਹੋਏ ਸੰਸਾਰ ਦੇ ਜੀਵਾਂ ਦੇ ਉਦਾਰ ਕਰਨ ਲਈ ਚਾਰ ਸਲੋਕਾਂ ਦਾ ਉਚਾਰਨ ਕੀਤਾ ਜੋ ਸਹਸਕ੍ਰਿਤੀ ਭਾਸ਼ਾ ਵਿਚ ਉਚਾਰੇ ਗਏ ਹਨ।[7]

ਪੰਡਤ ਗੋਪਾਲ ਦੱਤ ਤੇ ਉਸ ਦੇ ਸਾਥੀ ਪੰਡਤ ਜੋ ਪੰਡਤਾਈ ਦੇ ਹੰਕਾਰ ਵਿਚ ਭਰੇ ਹੋਏ ਸਨ, ਗੁਰੂ ਸਾਹਿਬ ਨਾਲ ਗਿਆਨ-ਚਰਚਾ ਕਰਨ ਹਿਤ ਆਏ। ਗੁਰੂ ਸਾਹਿਬ ਅੱਗੇ ਉਨ੍ਹਾਂ ਦੀ ਵਿਦਵਤਾ ਨਾ ਟਿਕ ਸਕੀ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਦੀ ਹੰਕਾਰ-ਨਵਿਰਤੀ ਲਈ ਸੰਸਾਰ ਤਾਰਨ ਹਿਤ ਚਾਰ ਸਲੋਕਾਂ ਦਾ ਉਚਾਰਨ ਕੀਤਾ।[8]

'ਸਲੋਕ ਸਹਸਕ੍ਰਿਤੀ ਮਹਲਾ ੫' ਦੇ ਉਚਾਰਨ ਸੰਬੰਧੀ ਵੀ ਗਿਆਨੀ ਬਦਨ ਸਿੰਘ ਸੇਖਵਾਂ '*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ*' (ਫਰੀਦਕੋਟ ਵਾਲਾ ਟੀਕਾ), '*ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ', ਗਿਆਨੀ ਮਨੀ ਸਿੰਘ ਜੀ ਦਾ ਟੀਕਾ '*ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ*'ਅਤੇ ਗਿਆਨੀ ਹਰਬੰਸ ਸਿੰਘ ਜੀ ਦਾ ਟੀਕਾ '*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ*' ਆਦਿ ਸਾਰੇ ਗ੍ਰੰਥਾਂ ਦੀ ਰਲੀ-ਮਿਲੀ ਇਕੋਂ ਧਾਰਨਾ ਹੈ ਕਿ ਪੰਡਤ ਗੋਪਾਲ ਦੱਤ ਦੇ ਪੋਤਰੇ ਹਰੀਕ੍ਰਿਸ਼ਨ ਤੇ ਹਰੀ ਲਾਲ ਜੋ ਵੱਡੇ ਵਿਦਵਾਨ ਸਨ, ਜਦੋਂ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ ਤਾਂ ਉਹ ਬਹੁਤ ਵਿਆਕੁਲ ਹੋਏ। ਕਈ ਤਰ੍ਹਾਂ ਦੇ ਗ੍ਰੰਥ ਪੜ੍ਹੇ ਪਰ ਮਨ ਨੂੰ ਸ਼ਾਂਤੀ ਨਾ ਮਿਲੀ। ਜਦੋਂ ਉਨ੍ਹਾਂ ਗੁਰੂ ਨਾਨਕ ਪਾਤਸ਼ਾਹ ਦੇ ਉਚਾਰੇ ਸਲੋਕ ਸਹਸਕ੍ਰਿਤੀ ਮਹਲਾ ੧ ਦੇ ਸਲੋਕ ਪੜ੍ਹੇ ਜੋ ਉਨ੍ਹਾਂ ਦੇ ਦਾਦੇ ਨੇ ਲਿਖ ਕੇ ਰੱਖੇ ਹੋਏ ਸਨ ਤਾਂ ਮਨ ਨੂੰ ਸ਼ਾਂਤੀ ਆ ਗਈ ਭਾਵ ਮਨ ਟਿਕ ਗਿਆ। ਪੁਰਾਣੇ ਬਜ਼ੁਰਗਾਂ ਨਾਲ ਵਿਚਾਰ-ਵਟਾਦਰਾਂ ਕਰਨ ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸਲੋਕ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਹਨ ਜਿੰਨ੍ਹਾਂ ਦੀ ਜੋਤ ਪੰਚਮ ਪਾਤਸ਼ਾਹ ਅੰਮ੍ਰਿਤਸਰ ਰਾਮਸਰ ਸਾਹਿਬ ਦੇ ਅਸਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਰਹੇ ਹਨ। ਪਤਾ ਲੱਗਣ ਤੇ ਦੋਵੇਂ ਭਰਾ ਅੰਮ੍ਰਿਤਸਰ ਦੀ ਧਰਤੀ ਤੇ ਨਤਮਸਤਕ ਹੋਏ। ਗੁਰੂ ਅਰਜਨ ਪਾਤਸ਼ਾਹ ਦੇ ਦਰਸ਼ਨ ਕਰਕੇ ਆਪਣੇ ਆਉਣ ਦਾ ਸਬੱਬ ਦਸਿਆ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਉਚਾਰੇ ਸਲੋਕ ਉਨ੍ਹਾਂ ਸ੍ਰੀ ਗੁਰੂ ਅਰਜਨ ਪਾਤਸ਼ਾਹ ਨੂੰ ਦਿਤੇ ਤੇ ਕਿਹਾ ਕਿ ਜਿਵੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸਾਡੇ ਬਜ਼ੁਗਰਾਂ ਦਾ ਕਲਿਆਣ ਕੀਤਾ ਸੀ, ਉਸੇ ਤਰ੍ਹਾਂ ਆਪ ਜੀ ਸਾਡਾ ਵੀ ਕਲਿਆਣ ਕਰੋ। ਇਸ ਤੇ ਗੁਰੂ ਸਾਹਿਬ ਜੀ ਨੇ 'ਸਲੋਕ ਸਹਸਕ੍ਰਿਤੀ ਮਹਲਾ ੫' ਦੇ ਸਿਰਲੇਖ ਹੇਠ ੬੭ ਸਲੋਕਾਂ ਦਾ ਉਚਾਰਨ ਕੀਤਾ।[9]

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਕਾਸ਼ੀ ਜਾ ਕੇ ਸੰਸਾਰ ਦੇ ਤਾਰਨ ਹਿਤ ਉਚਾਰੇ ਚਾਰੇ ਸਲੋਕ ਅਤੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਦੁਆਰਾ ਉਚਾਰਣ ੬੭ ਸਲੋਕਾਂ ਦੀ ਗਵਾਹੀ '*ਗੁਰ ਬਿਲਾਸ ਪਾਤਸਾਹੀ ੬*' ਇਸ ਤਰ੍ਹਾਂ ਭਰਦਾ ਹੈ:

ਏਕ ਸਮੈ ਪੰਡਿਤ ਦੋ ਆਏ। ਕਾਸ਼ੀ ਤੇ ਬਡ ਗੁਨੀ ਸੁਹਾਏ।

ਕ੍ਰਿਸ਼ਨ ਨਾਲ ਹਰਿਲਾਲਹ ਨਾਮਾ। ਦੋਊ ਭ੍ਰਾਤ ਸੁੰਦਰ ਸੁਖ ਧਾਮਾ।।੫੮੦।।

ਆਵਤ ਪੰਥ ਐਸ ਮਨਿ ਧਾਰੀ। ਗੁਰ ਨਾਨਕ ਥੇ ਰੂਪ ਮੁਰਾਰੀ।

ਤਾਸੁ ਤਖਤਿ ਅਰਜਨ ਗੁਰ ਸੋਹਤ। ਦੇਖਿ ਪ੍ਰਤਾਪ ਸੁਨੇ ਸਭਿ ਮੋਹਤ।।੫੮੧।।

ਚੌਪਈ: ਏਕ ਸਮੈ ਨਾਨਕ ਨਿਰੰਕਾਰੀ। ਕਾਸ਼ੀ ਗਏ ਗੁਰੂ ਸੁਖੁ ਧਾਰੀ।

ਹਮ ਦਾਦੇ ਸੋਂ ਸੰਗਤਿ ਭਈ। ਅਨਿਕ ਭਾਂਤ ਕੀ ਚਰਚਾ ਕਈ।। ੫੮੫।।

ਬਹੁਰਿ ਉਪਦੇਸ਼ ਗੁਰੂ ਜੀ ਕੀਨੋ। ਚਾਰਿ ਸਲੋਕ ਮਧਿ ਸੁਖੁ ਦੀਨੋ।

ਸੋ ਸਲੋਕ ਹੈਂ ਕੰਠ ਹਮਾਰੇ। ਸੁਨੋ ਪ੍ਰਭੂ ਹਮ ਕਹੈਂ ਸੁਧਾਰੇ।।੫੮੬।।

ਪੜ੍ਹਿ ਪੁਸਤਕ ਅਰੁ ਸੰਧਿਆ ਬਾਦ। ਇਹ ਬਿਧਿ ਭਾਖੇ ਰੂਪ ਅਨਾਦਿ।[10]

ਕਵੀ ਭਾਈ ਸੰਤੋਖ ਸਿੰਘ ਜੀ ਇਸ ਨੇ '*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*' ਵਿਚ ਇਸ ਪ੍ਰਸੰਗ ਦਾ ਜ਼ਿਕਰ ੨੦ ਪਦੇ ਤੋਂ ੨੭ ਪਦੇ ਤੱਕ ਕੀਤਾ ਹੈ।[11]

## ਸਲੋਕ ਸਹਸਕ੍ਰਿਤੀ ਮਹਲਾ ੧

ਪੜ੍ਹਿ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥

ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥

ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥

ਜੋ ਜਾਨਹਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥

ਕਹੁ ਨਾਨਕ ਨਿਸਚੌ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੧॥[12]

ਇਸ ਸਾਰੇ ਸਲੋਕ ਦਾ ਭਾਵ-ਅਰਥ ਇਹ ਹੈ ਕਿ ਅਕਾਲ-ਪੁਰਖ (ਪਰਮਾਤਮਾ) ਨੂੰ ਪਾਉਣ ਲਈ ਵੇਦਾਂ, ਸ਼ਾਸਤਰਾਂ ਅਤੇ ਗ੍ਰੰਥਾਂ ਦਾ ਪਾਠ ਕਰਨ ਦੀ ਲੋੜ ਨਹੀਂ ਹੈ। ਭਾਵ ਕੀ ਪੁਸਤਕਾਂ ਜਾਂ ਗ੍ਰੰਥ ਪੜ੍ਹਨੇ ਗ਼ਲਤ ਨਹੀਂ ਹਨ ਪਰ ਜੇ ਪੜ੍ਹ ਕੇ ਦੂਸਰਿਆਂ ਉਤੇ ਆਪਣਾ ਪ੍ਰਭਾਵ ਪਾਉਣਾ ਜਾਂ ਵਾਦ-ਵਿਵਾਦ ਲਈ ਪੜਨੇ ਤਾਂ ਸਤਿਗੁਰੂ ਜੀ ਕਹਿੰਦੇ ਹਨ ਕਿ ਇਸ ਪੜ੍ਹੇ ਹੋਏ ਦੇ ਨਾਲ ਕਮਾਈ ਥਾਂਇ (ਪਰਵਾਨ) ਨਹੀਂ ਪੈਂਦੀ। ਸਤਿਗੁਰੂ ਫੁਰਮਾਉਂਦੇ ਹਨ ਕਿ ਤੂੰ ਪੱਥਰਾਂ (ਸਿਲ) ਨੂੰ ਪੂਜਦਾ, ਸਮਾਧੀਆਂ ਲਾਉਂਦਾ, ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਦੱਸਦਾ। ਤਿੰਨੇ ਵਕਤ (ਤ੍ਰੈਪਾਲ ਤਿਹਾਲ) ਗਾਇਤ੍ਰੀ ਮੰਤਰ ਦਾ ਉਚਾਰਨ ਕਰਦਾ। ਗਲ ਵਿਚ ਤੁਲਸੀ ਦਾ ਮਾਲਾ ਤੇ ਮੱਥੇ ਤੇ ਤਿਲਕ ਲਗਾਉਂਦਾ। ਤੇਰੇ ਕੋਲ ਦੋ ਧੋਤੀਆਂ ਵੀ ਹਨ ਤੇ ਆਪਣੇ ਸਿਰ (ਕਪਾਟੰ) ਨੂੰ ਕੱਪੜੇ ਨਾਲ ਢੱਕਦਾ ਹੈ। ਜੋ ਪਰਮਾਤਮਾ ਨੂੰ ਪਾਉਣ ਦੀ ਰਮਜ਼ ਜਾਣਦਾ ਹੈ ਉਸ ਲਈ ਇਹ ਸਾਰੇ ਵਿਹਾਰ ਫੋਕੇ ਹਨ। ਜੇ ਹਿਰਦੇ ਵਿਚ ਸ਼ਰਧਾ ਭਾਵਨਾ ਰੱਖ ਕੇ ਪਰਮਾਤਮਾ ਨੂੰ ਸਿਮਰਿਆ ਜਾਵੇ ਤਾਂ ਹੀ ਅਕਾਲ-ਪੁਰਖ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਇਹ ਰਸਤਾ ਗੁਰੂ ਤੋਂ ਬਿਨਾਂ ਨਹੀਂ ਲੱਭ ਸਕਦਾ।

ਨਿਹਫਲੰ ਤਸੵ ਜਨਮਸੵ ਜਾਵਦ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸੵ ਗੁਰ ਪਰਸਾਦੀ ਤਰਹਿ ਕੇ ॥

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥[13]

ਭਾਵ ਅਰਥ: ਇਸ ਸਲੋਕ ਦਾ ਭਾਵ ਇਹ ਹੈ ਕਿ ਓਨੀ ਦੇਰ ਤੱਕ ਮਨੁੱਖ ਦਾ ਜਨਮ ਨਿਹਫਲ ਹੈ ਜਿੰਨੀ ਦੇਰ ਤੱਕ ਉਹ ਪਰਮਾਤਮਾ ਨਾਲ ਡੂੰਘੀ ਸਾਂਝ ਨਹੀਂ ਪਾਉਂਦਾ ਭਾਵ ਤਦ ਤਕ ਉਸ ਮਨੁੱਖ ਦਾ ਜਗਤ (ਸੰਸਾਰ) 'ਤੇ ਆਉਂਣਾ ਵਿਅਰਥ ਹੈ। ਸੰਸਾਰ (ਸਾਗਰੰ ਸੰਸਾਰਸੵ) ਇਕ ਭਿਆਨਕ ਸਮੁੰਦਰ ਦੀ ਨਿਆਈ ਹੈ। ਜਿਨ੍ਹਾਂ ਉਤੇ ਗੁਰੂ ਦੀ ਕਿਰਪਾ ਹੋਵੇ ਤੇ ਨਾਮ-ਸਿਮਰਨ ਕਰਦਾ ਹੈ ਉਹ ਭਵ-ਸਾਗਰ ਤੋਂ ਤਰ ਜਾਂਦਾ ਹੈ। ਉਹ ਪਰਮਾਤਮਾ ਸਭ ਕੁਝ ਕਰਨ ਦੇ ਸਮਰੱਥ ਹੈ, ਸਾਰੀ ਸ੍ਰਿਸ਼ਟੀ ਉਸ ਪਰਮਾਤਮਾ ਦੇ ਵੱਸ ਹੈ ਤੇ ਜਿਵੇਂ ਉਹ ਸੰਸਾਰੀ ਜੀਵਾਂ ਨੂੰ ਨਚਾਉਂਦਾ ਹੈ ਉਵੇਂ ਜੀਵ ਨੱਚਦੇ ਹਨ।

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥

ਖੵਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥

ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ॥

ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ ॥੩॥[14]

ਗੁਰੂ ਨਾਨਕ ਪਾਤਸ਼ਾਹ ਨੇ ਪਹਿਲੇ ਦੋ ਸਲੋਕਾਂ ਦੇ ਅੰਦਰ ਪ੍ਰਭੂ ਦੇ ਨਾਮ ਸਿਮਰਨ ਦੀ ਪ੍ਰੇਰਨਾ ਦਿਤੀ ਹੈ। ਇਸ ਸਲੋਕ ਵਿਚ ਗੁਰੂ ਪਾਤਸ਼ਾਹ ਨੇ ਫੁਰਮਾਇਆ ਹੈ ਹਿੰਦੁਸਤਾਨ ਦੇ ਅੰਦਰ ਮਨੂੰ ਸਿਮ੍ਰਿਤਿਆਂ ਦੇ ਅਨੁਸਾਰ ਮਨੁੱਖ ਨੂੰ ਚਾਰ ਹਿਸਿਆਂ ਵਿਚ ਵੰਡ ਦਿਤਾ ਸੀ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਨ੍ਹਾਂ ਚਾਰੇ ਜਾਤਾਂ ਦੇ ਕੰਮ ਵੀ ਵੱਖਰੇ-ਵੱਖਰੇ ਸੀ। ਬ੍ਰਾਹਮਣ ਦਾ ਕੰਮ ਵੇਦ ਮੰਤਰ ਦਾ ਉਚਾਰਨ, ਸ਼ਾਸਤਰ ਪੜ੍ਹਨਾ, ਯੱਗ ਕਰਾਉਣੇ, ਪੂਜਾ ਕਰਨਾ ਤੇ ਪੂਜਾ ਦਾ ਦਾਨ ਲੈਣਾ। ਖੱਤਰੀ ਦਾ ਕੰਮ ਸ਼ਸਤਰ ਚਰਾਉਣੇ, ਰਾਜ ਕਾਇਮ ਕਰਨਾ ਤੇ ਦੂਜਿਆਂ ਦੀ ਸੁਰਖਿਆ ਵਾਸਤੇ ਮੈਦਾਨੇ ਜੰਗ ਵਿਚ ਲੜਨਾ ਸੀ। ਵੈਸ਼ ਦਾ ਕੰਮ ਜ਼ਮੀਨ ਵਾਣੀ, ਖੇਤੀ-ਬਾੜੀ ਕਰਨਾ, ਵਪਾਰ ਕਰਨਾ ਭਾਵ ਕਿਰਤ ਕਰਨਾ। ਸ਼ੂਦਰ ਦਾ ਕੰਮ ਬ੍ਰਾਹਮਣ, ਖੱਤਰੀ ਅਤੇ ਵੈਸ਼ ਦੀ ਸੇਵਾ ਕਰਨਾ ਸੀ। ਜਿਹੜਾ ਵੀ ਉਹ ਕੰਮ ਕਹਿਣ ਉਸ ਨੂੰ ਸਤਿ ਬਚਨ ਕਰ ਕੇ ਮੰਨਣਾ ਹੁੰਦਾ ਸੀ ਪਰ ਇਹ ਨਾ ਤਾਂ ਭਗਤੀ ਕਰ ਸਕਦੇ ਸਨ, ਨਾ ਮੰਦਰ ਵਿਚ ਜਾ ਕੇ ਪੂਜਾ-ਅਰਜਨਾ ਕਰ ਸਕਦੇ ਸਨ ਤੇ ਨਾ ਹੀ ਵੇਦਾਂ, ਸ਼ਾਸਤਰ ਅਤੇ ਧਰਮ ਗ੍ਰੰਥ ਪੜ੍ਹ ਸਕਦੇ ਸਨ। ਗੁਰੂ ਸਾਹਿਬ ਅਨੁਸਾਰ ਜਾਤੀ ਕੋਈ ਵੀ ਹੋਵੇ ਜਿਸ ਨੇ ਨਾਮ ਦੇ ਭੇਦ ਨੂੰ ਜਾਣ ਲਿਆ, ਉਹ ਪਰਮਾਤਮਾ ਉਸ ਦਾ ਦਾਸ ਬਣ ਜਾਂਦਾ ਹੈ। ਭਾਵ ਪਰਮਾਤਮਾ ਦਾ ਨਾਮ-ਸਿਮਰਨ ਸਭ ਤੋਂ ਸ੍ਰੇਸ਼ਟ ਹੈ, ਜੋ ਹਰ ਮਨੁੱਖ ਲਈ ਸਾਂਝਾ ਹੈ ਭਾਵੇਂ ਮਨੁੱਖ ਕਿਸੇ ਵੀ ਜਾਤੀ ਨਾਲ ਸੰਬੰਧ ਰੱਖਦਾ ਹੋਵੇ ਅਤੇ ਅਜਿਹਾ ਕਰਨ ਵਾਲਾ ਮਨੁੱਖ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ।

ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਹ ॥

ਆਤਮੰ ਸ੍ਰੀ ਬਾਸ੍ਵਦੇਵਸੵ ਜੇ ਕੋਈ ਜਾਨਸਿ ਭੇਵ ॥

ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ ॥ ੪ ॥[15]

ਇਕ ਪਰਮਾਤਮਾ ਦੀ ਆਤਮਾ ਹੀ ਸਾਰਿਆਂ ਦੇਵਾਂ, ਰਾਖਸ਼ਾਂ, ਤੇਜਸਵੀਆਂ, ਅਵਤਾਰਾਂ, ਪੈਗੰਬਰਾਂ ਆਦਿ ਵਿਚ ਹੈ। ਜਿਹੜੇ ਮਨੁੱਖ ਪਰਮਾਤਮਾ ਦੇ ਇਸ ਗੁੱਝੇ ਰਹੱਸ ਨੂੰ ਜਾਣ ਲੈਂਦੇ ਹਨ, ਉਹ ਉਸ ਦਾ ਹੀ ਰੂਪ ਹੋ ਜਾਂਦੇ ਹਨ। ਭਾਵ ਉਹ ਮਨੁੱਖ ਭੇਦ-ਭਾਵ, ਉਚ-ਨੀਚ, ਜਾਤ-ਪਾਤ ਆਦਿ ਤੋਂ ਉਪਰ ਉਠ ਜਾਂਦੇ ਹਨ ਤੇ ਪਰਮਾਤਮਾ ਉਨ੍ਹਾਂ ਦਾ ਦਾਸ ਬਣ ਜਾਂਦਾ ਹੈ।

## ਸਲੋਕ ਸਹਸਕ੍ਰਿਤੀ ਮਹਲਾ ੫

'ਸਲੋਕ ਸਹਸਕ੍ਰਿਤੀ ਮਹਲਾ ੫' ਵਿਚ ਗੁਰੂ ਅਰਜਨ ਪਾਤਸ਼ਾਹ ਨੇ ਸਧਾਰਨ ਮਨੁੱਖ ਨੂੰ ਇਕ ਸਚਿਆਰਾ, ਗੁਰਮੁਖਿ ਜਾਂ ਸ੍ਰੇਸ਼ਟ ਪੁਰਸ਼ ਬਣ ਦੀ ਪ੍ਰੇਰਨਾ ਇਨ੍ਹਾਂ ਸਲੋਕਾਂ ਵਿਚ ਦਿਤੀ ਹੈ ਕਿ ਗੁਰੂ ਦੀ ਸਾਧ-ਸੰਗਤਿ ਕਰਦਿਆਂ ਮਨੁੱਖ ਆਪਣਾ ਅਗਲਾ ਜੀਵਨ ਸੁਧਾਰਨ ਦੇ ਨਾਲ-ਨਾਲ ਆਪਣੀਆਂ ਕੁੱਲਾਂ ਦਾ ਵੀ ਉਧਾਰ ਕਰ ਦਿੰਦਾ ਹੈ, ਨਾਮ-ਸਿਮਰਨ ਕਰਨ ਨਾਲ ਕਿਵੇਂ ਪਰਉਪਕਾਰੀ ਵਾਲੇ ਗੁਣ ਵਿਕਸਿਤ ਹੋ ਜਾਂਦੇ ਹਨ ਤੇ ਵੈਰੀ ਵੀ ਮਿੱਤਰ ਬਣ ਜਾਂਦੇ ਹਨ। ਮਾਤਾ-ਪਿਤਾ, ਭੈਣ-ਭਰਾ, ਸਾਕ-ਸੰਬੰਧੀਆਂ, ਇਸਤ੍ਰੀ, ਪੁੱਤਰ ਸਭ ਫੋਕੇ ਰਿਸ਼ਤੇ ਹਨ, ਇਨ੍ਹਾਂ ਬੰਧਨਾਂ ਤੋਂ ਮੁਕਤੀ ਪਾਉਣ ਦਾ ਮਾਰਗ ਇਨ੍ਹਾਂ ਸਲੋਕਾਂ ਰਾਹੀਂ ਗੁਰੂ ਪਾਤਸ਼ਾਹ ਨੇ ਦਸਿਆ ਹੈ ਅਤੇ ਇਨ੍ਹਾਂ ਸਲੋਕਾਂ ਰਾਹੀਂ ਇਹ ਪੱਖ ਉਭਰ ਕੇ ਸਾਹਮਣੇ ਆ ਰਹੇ ਹਨ ਜਿਵੇਂ ਅਰੋਗਤਾ, ਆਤਮਾ, ਆਦਰਸ਼ ਜੀਵਨ-ਜਾਂਚ, ਇਸਤਰੀ, ਸਹਣਸ਼ੀਲਤਾ, ਸਾਧ-ਸੰਗਤਿ, ਸੇਵਾ, ਹਉਮੈ, ਗੁਰਮੁਖ (ਪੂਰਨ ਪੁਰਖ, ਸਾਧੂ-ਸੰਤ), ਦੀਨਾਂ-ਅਨਾਥਾਂ (ਨਿਆਸਰਿਆਂ), ਨਾਸ਼ਵਾਨਤਾ, ਨਾਮ-ਸਿਮਰਨ, ਪਰਮਾਤਮਾ, ਬ੍ਰਹਿਮੰਡ, ਮਨੁੱਖ, ਮਲੀਣ ਮਾਨਸਿਕਤਾ, ਮਾਇਆ, ਮੁਕਤੀ, ਮੌਤ ਆਦਿ। ਇਸ ਪਰਚੇ ਵਿਚ ਕੁਝ ਕੁ ਪੱਖਾਂ ਦੀ ਆਪਣੀ ਤੁੱਛ ਬੁੱਧੀ ਨਾਲ ਭਾਵ ਅਰਥ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਆਦਰਸ਼ਕ ਜੀਵਨ-ਜਾਚ :** 'ਸਲੋਕ ਸਹਸਕ੍ਰਿਤੀ ਮਹਲਾ ੫' ਵਿਚ ਗੁਰੂ ਅਰਜਨ ਪਾਤਸ਼ਾਹ ਨੇ ਮਨੁੱਖ ਨੂੰ ਆਦਰਸ਼ ਜੀਵਨ-ਜਾਂਚ ਜਿਉਂਣ ਬਾਰੇ ਚਾਨਣਾ ਪਾਇਆ ਹੈ। ਆਪਣੇ ਮਾਤਾ-ਪਿਤਾ, ਭਰਾ, ਮਿੱਤਰ, ਸਾਕ-ਸੰਬੰਧੀਆਂ ਤੋਂ ਮਿਲਦੇ ਸਨੇਹ (ਪਿਆਰ), ਸੁੱਖ-ਸੁਵਿਧਾਵਾਂ ਤੇ ਵਿਰਾਸਤ ਵਿਚ ਮਿਲਿਆ ਧਨ-ਦੌਲਤ ਦੇ ਲੋਭ-ਮੋਹ ਵਿਚ ਫਸਿਆ ਆਨੰਦਮਈ ਮਹਿਸੂਸ ਕਰਦਾ ਹੈ। ਪਰ ਇਹ ਸਭ ਕੁਝ ਹਮੇਸ਼ਾਂ ਸਾਥ ਨਹੀਂ ਨਿਭਦਾ। ਇਸ ਕਰਕੇ ਇਨ੍ਹਾਂ ਗ੍ਰਿਹਸਤੀ ਰਿਸ਼ਤਿਆਂ ਅਤੇ ਪਦਾਰਥਾਂ ਦੇ ਮੋਹ ਵਿਚੋਂ ਸੁਖ-ਸ਼ਾਂਤੀ ਲੱਭਣਾ ਵਿਅਰਥ ਹੈ। ਸੰਸਾਰਕ ਗ੍ਰਹਿਸਤੀ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਜੀਵਨ ਵਿਚ ਇਸ ਤਰ੍ਹਾਂ ਨਿਰਲੇਪ ਰਹਿਣਾ ਜਿਵੇਂ ਕਮਲ ਦਾ ਫੁੱਲ ਅਤੇ ਮੁਰਗਾਈ ਜਲ (ਪਾਣੀ) ਤੋਂ ਨਿਰਲੇਪਤਾ ਬਣਾਈ ਰਖਦੇ ਹਨ, ਭਾਵ ਸੱਚੇ-ਸੁੱਚੇ, ਆਚਾਰ-ਵਿਹਾਰ ਵਿਚ ਰਹਿੰਦੀਆਂ ਹੋਇਆ ਵੀ ਜੀਵਨ ਦਾ ਸਹਿਜ-ਸੁੱਖ ਮਾਣਿਆ ਜਾ ਸਕਦਾ ਹੈ। ਤੁੱਛ ਬੁੱਧੀ ਵਾਲਾ ਮਨੁੱਖ ਦੁਨਿਆਵੀਂ ਪਦਾਰਥਾਂ, ਇਸਤਰੀ ਦੇ ਕਲੋਲਾਂ ਤੇ ਚਾਵਾਂ ਵਿਚ ਮਦਮਸਤ ਸੰਤ-ਸ਼ਰਨ 'ਚ ਨਹੀਂ ਆਉਂਦਾ। 'ਭੋਗੰ ਤੇ ਰੋਗੰ...' [16] ਦੀ ਭਾਵ ਜਿਥੇ ਪਦਾਰਥਾਂ ਦੇ ਭੋਗ ਭੋਗੇ ਜਾਂਦੇ ਹਨ, ਉਥੇ ਦੁੱਖ, ਕਲੇਸ਼ ਅਤੇ ਬਿਮਾਰੀ (ਰੋਗ) ਵੀ ਆ ਜਾਂਦੇ ਹਨ। 'ਨਹ ਚਿੰਤਾ ਮਾਤ ਪਿਤ ਭ੍ਰਾਤਹ...ਦਇਆਲ ਏਕ ਭਗਵਾਨ ਪੁਰਖ ਨਾਨਕ ਸਰਬ ਜੀਅ ਪ੍ਰਤਿਪਾਲਕਹ॥'[17]ਭਾਵ ਪਰਮਾਤਮਾ ਹੀ ਸਾਰੇ ਜੀਵਾਂ ਦਾ ਪ੍ਰਤਿਪਾਲਣ ਕਰ ਰਿਹਾ ਹੈ, ਇਸ ਕਰਕੇ ਮਾਤਾ, ਪਿਤਾ ਭੈਣ-ਭਰਾ, ਸਾਕ-ਸੰਬੰਧੀਆਂ ਦੀ ਚਿੰਤਾ ਕਰਨੀ ਵਿਅਰਥ ਹੈ।

**ਨਿਰੋਗੀ ਦੇਹ :** ਗੁਰੂ ਪਾਤਸ਼ਾਹ ਨੇ ਨਿੱਜੀ ਸਰੀਰਕ ਅਰੋਗਤਾ ਮਨੁੱਖ ਲਈ ਸਭ ਤੋਂ ਪਹਿਲੀ ਅਤੇ ਮੁੱਢਲੀ ਜ਼ਰੂਰਤ ਸਮਝੀ ਜਾਂਦੀ ਹੈ। ਮਿਥੰਤ ਦੇਹੰ ਖੀਣੰਤ ਬਲਨੰ.... ॥[18] ਨਰੋਈ ਦੇਹ, ਬਲਵਾਨ ਤੇ ਰੂਪਵੰਤ ਜਵਾਨੀ ਨੂੰ ਸੰਸਾਰਕ ਸੁੱਖ ਤੇ ਉੱਨਤੀ ਦਾ ਰਾਹ ਮੰਨਿਆ ਜਾਂਦਾ ਹੈ। ਜਿੰਨੀ ਮਰਜ਼ੀ ਇਸ ਦੇਹ ਦੀ ਪਾਲਣਾ ਕਰ ਲਵੋ ਅੰਤ ਵਿਚ ਇਸ ਦੇਹੀ ਦੀ ਸਮਰੱਥਾ ਨੇ ਘਟਣਾ ਹੀ ਘਟਣਾ ਹੈ। ਬੁਢਾਪੇ ਦੇ ਆਉਂਦਿਆਂ ਹੀ ਇਸ ਦੇਹ ਨੇ ਆਪਣਾ ਵਜ਼ੂਦ ਘਟਾ ਲੈਣਾ ਹੈ। 'ਕਾਚ ਕੋਟੰ ਰਚਿਤ ਤੋਯੰ..॥'[19] ਕਿਉਂਕਿ ਇਹ ਦੇਹ (ਸਰੀਰ) ਮਿੱਟੀ ਦੇ ਕੱਚੇ ਕੋਠੇ ਦੀ ਨਿਆਈ ਹੈ, ਇਕ ਦਿਨ ਖੁਰ ਕੇ ਢਹਿ-ਢੇਰੀ ਹੋ ਜਾਣਾ ਹੈ। 'ਅਤ੍ਰੰਤ ਆਸਾ....ਦੁਰਲਭ੍ਯ ਦੇਹੰ...॥'[20] ਦਿਨ-ਬ-ਦਿਨ ਆਸਾ ਪ੍ਰਬਲ ਹੁੰਦੀਆਂ ਜਾਂਦੀਆਂ ਹਨ, ਪਰ ਇਹ ਜਗਤ (ਸੰਸਾਰ), ਮਹਿਮਾਨ ਦੇ ਘਰ (ਅਸਥਾਈ) ਵਾਂਗ ਹੈ। ਸਵਾਸਾਂ ਨੂੰ ਧਰਮਰਾਜ ਗਿਣਦਾ ਰਹਿੰਦਾ ਹੈ, ਜੀਵ ਅਨਮੋਲ ਦੇਹ ਪਾ ਕੇ ਵੀ ਅੰਧੇਰੇ ਖੂਹ ਵਿਚ ਡਿੱਗਦਾ ਰਹਿੰਦਾ ਹੈ। ਦੁੱਖ-ਕਲੇਸ਼, ਰੋਗਾਂ ਤੇ ਵਿਕਾਰਾਂ ਤੋਂ ਬਚਣ ਲਈ 'ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ॥'[21] ਪਰਮਾਤਮਾ ਦੇ ਨਾਮ ਦਾ ਓਟ-ਆਸਰਾ ਲੈਣਾ ਚਾਹੀਦਾ ਹੈ। ਪਰ ਅਗਿਆਨੀ ਮਨੁੱਖ ਪਰਮਾਤਮਾ ਦਾ ਨਾਮ ,ਨਹੀਂ ਧਿਆਉਂਦਾ, ਦੇਹ ਨੂੰ ਸਦਾ ਕਾਇਮ ਰਹਿਣ ਵਾਲਾ ਜਾਣਦਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਜਿਹੜਾ ਜੀਵ (ਮਨੁੱਖ) ਸਾਧੂ-ਸੰਤ ਦੀ ਸ਼ਰਨ ਵਿਚ ਆ ਕੇ ਨਾਮ-ਸਿਮਰਨ ਕਰਦਾ ਹੈ, ਉਹ ਮੁਕਤ ਹੋ ਜਾਂਦਾ ਹੈ। 'ਗੋਬਿੰਦ ਨਾਮੰ ਨਹ ਸਿਮਰੰਤਿ....ਹਰਿ ਹਰਿ ਹਰਿ ਹਰਿ ਹਰਿ ਰਹੇ ਜਪੰਤਿ॥'[22]

**ਹਉਮੈ ਅਤੇ ਸੇਵਾ :** ਗੁਰੂ ਸਾਹਿਬ ਨੇ ਇਨ੍ਹਾਂ ਸਲੋਕ ਰਾਹੀਂ ਹਉਮੈ ਤੋਂ ਨਿਵਰਿਤ (ਭਾਵ ਦੂਰ ਹੋਣ) ਤੇ ਸੇਵਾ ਕਰਨ ਨਾਲ ਸਾਰੀਆਂ ਵਸਤੂਆਂ ਦੀ ਪ੍ਰਾਪਤੀ ਦਾ ਸਾਧਨ ਦੱਸਿਆ ਹੈ। 'ਘੋਰ ਦੁਖੵੰ ਅਨਿਕ ਹਤੵੰ....ਭਸਮੰ ਕਰੋਤਿ॥'[23] ਹਉਮੈ ਦੀ ਉਪਜ ਨਾਲ ਹੀ ਘੋਰ ਦੁੱਖ, ਖ਼ੂਨ-ਖਰਾਬਾ ਜਾਂ ਕਤਲ (ਹਤੵੰ), ਗ਼ਰੀਬੀ-ਕੰਗਾਲੀ ਅਤੇ ਲੜਾਈ-ਝਗੜੇ (ਬਿਖਾਦੰ) ਦਾ ਕਾਰਨ ਬਣਦਾ ਹੈ, ਸੇਵਾ ਤੇ ਸਿਮਰਨ ਕਰਨ ਨਾਲ ਇਨ੍ਹਾਂ ਤੋਂ ਛੁਟਕਾਰਾਂ ਮਿਲ ਜਾਂਦਾ ਹੈ ਜਿਵੇਂ ਅੱਗ, ਲੱਕੜਾਂ ਦੇ ਢੇਰ ਨੂੰ ਸਾੜ ਕੇ ਸਵਾਹ ਕਰ ਦਿੰਦੀ ਹੈ। ਸੇਵਾ ਤੇ ਸਿਮਰਨ ਕਰਨ ਨਾਲ ਹਉਮੈ ਦੀ ਮੈਲ ਉਤਰ ਜਾਂਦੀ ਹੈ ਹਿਰਦਾ ਨਿਰਮਲ ਜਲ ਦੀ ਤਰ੍ਹਾਂ ਸਾਫ ਹੋ ਜਾਂਦਾ ਹੈ। 'ਸਰਣਿ ਜੋਗੰ.... ਭਗਵਾਨ ਖੇਮੰ ਕਰੋਤਿ॥'[24] ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਸਿਮਰਦਿਆਂ ਮਨੁੱਖ ਉਨ੍ਹਾਂ ਗੁਣਾਂ ਨੂੰ ਧਾਰਨ ਕਰ ਲੱਗਦਾ ਹੈ ਜੋ ਉਸ ਨੂੰ ਪਰਮਾਤਮਾ ਦੇ ਨੇੜੇ, ਹੋਰ ਨੇੜੇ, ਨੇੜੇ ਤੋਂ ਨੇੜੇ ਪਹੁੰਚਣ ਦੇ ਰਾਹ ਪੈ ਜਾਂਦਾ ਹੈ ਤੇ 'ਨਾਨਕ ਗੁਰੂ ਸੇਵਾ ਕਿੰ ਨ ਲਭੵਤੇ॥'[25] ਜਦੋਂ ਜੀਵਾਤਮਾ (ਮਨੁੱਖ) ਗੁਰੂ ਵਲੋਂ ਦਸੀਆਂ ਪਰਉਪਕਾਰੀ ਸੇਵਾਵਾਂ ਨਿਭਾਉਣ ਲੱਗਦਾ ਹੈ ਭਾਵ ਦੂਜਿਆਂ ਦੀ ਮਦਦ, ਸੇਵਾ, ਸਿਮਰਨ ਅਤੇ ਸਹਾਇਤਾ ਕਰਨ ਲੱਗ ਪੈਂਦਾ ਹੈ ਤਾਂ ਪਰਮਾਤਮਾ ਪਾਸੋਂ ਹਰ ਬਖਸ਼ਿਸ਼ ਪ੍ਰਾਪਤ ਕਰਨ ਦੀ ਜੁਗਤ ਪਾ ਲੈਂਦਾ ਹੈ।

**ਦੀਨਾਂ-ਅਨਾਥਾਂ (ਨਿਆਸਰਿਆਂ) :** ਗੁਰੂ ਸਾਹਿਬ ਇਨ੍ਹਾਂ ਸਲੋਕ ਰਾਹੀਂ ਗਵਾਹੀ ਭਰਦੇ ਹਨ ਕਿ ਦੀਨਾਂ-ਅਨਾਥਾਂ, ਬੇਸਹਾਰਾ, ਨਿਮਾਣਿਆਂ-ਨਿਤਾਣਿਆਂ ਤੇ ਗ਼ਰੀਬਾਂ-ਨਿਰਧਨਾਂ ਦਾ ਆਸਰਾ ਉਹ ਪਰਮਾਤਮਾ ਹੈ। 'ਅਧਰੰ ਧਰੰ ਧਾਰਣਹ....ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ॥'[26] ਪਰਮਾਤਮਾ ਨਿਆਸਰਿਆਂ (ਅਧਰੰ) ਨੂੰ ਆਸਰਾ (ਧਰੰ) ਅਤੇ ਨਿਰਧਨ ਨੂੰ ਧਨ ਦੇਣ ਵਾਲਾ ਹੈ। ਅਨਾਥਾਂ ਦਾ ਨਾਥ, ਬਲਹੀਣ ਨੂੰ ਬਲ ਤੇ ਸਾਰੇ ਜੀਵਾਂ ਤੇ ਦਇਆ ਕਰਨ ਵਾਲਾ ਹੈ। ਇਸ ਸਲੋਕ ਰਾਹੀਂ ਗੁਰੂ ਸਾਹਿਬ ਜਿਥੇ ਪਰਮਾਤਮਾ ਦੇ ਕਾਰਜ ਦਾ ਵਖਿਆਨ ਕਰਦੇ ਹਨ ਉਥੇ ਹੀ ਮਨੁੱਖ ਨੂੰ ਪਰਮਾਤਮਾ ਤੋਂ ਹਰ ਸਮੇਂ ਨਾਮ-ਸਿਮਰਨ ਤੇ ਕਦੇ ਨਾ ਵਿਸਾਰੀ (ਭਾਵ ਆਪਣੀ ਚਰਨਾਂ ਨਾਲ ਜੋੜਨ) ਦੀ ਦਾਤ ਮੰਗਣੀ ਚਾਹੀਦੀ ਹੈ। 'ਵਰਤੰਤਿ ਸੁਖ ਆਨੰਦ ਪ੍ਰਸਾਦਹ॥ ਸਿਮਰੰਤਿ ਨਾਨਕ ਹਰਿ ਹਰਿ ਹਰੇ॥'[27] ਜਿਹੜਾ ਮਨੁੱਖ ਹਰ ਵਕਤ ਨਾਮ-ਸਿਮਰਨ ਵਿਚ ਜੁੜਿਆ ਰਹਿੰਦਾ ਹੈ ਉਹ ਸਦਾ ਹੀ ਆਨੰਦ ਤੇ ਸੁੱਖ ਭੋਗਦਾ ਹੈ ਅਤੇ 'ਗੁਰ ਮੰਤ੍ਰ ਹੀਣਸ੍ਯ....ਸਰਪਨਹ ਤੁਲਿ ਖਲਹ॥[28] ਜਿਹੜਾ ਨਾਮ-ਸਿਮਰਨ ਤੋਂ ਸੱਖਣਾ, ਖੋਟੀ ਬੁੱਧੀ ਵਾਲਾ ਮਨੁੱਖ ਕੁੱਤੇ, ਸੂਰ, ਗਧੇ (ਖੋਤੇ),ਕਾਂ ਅਤੇ ਸੱਪ ਸ਼੍ਰੇਣੀ ਦੇ ਜੀਵਾਂ ਸਮਾਨ ਹੈ। ਜਿਹੜਾ ਜੀਵ ਨਾਮ-ਸਿਮਰਨ ਨਾਲ ਜੁੜ ਕੇ ਸਹਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਤੇ ਉਸ ਲਈ ਜ਼ਹਿਰ ਵੀ ਅੰਮ੍ਰਿਤ ਦੇ ਸਮਾਨ ਬਣ ਜਾਂਦਾ ਹੈ ਤੇ ਦੁਸ਼ਟ, ਵਿਰੋਧੀ ਜਾਂ ਵੈਰੀ ਵੀ ਮਿੱਤਰ ਤੇ ਸੱਜਣ ਬਣ ਜਾਂਦੇ ਹਨ। ਨਾਮ-ਸਿਮਰਨ ਵਿਚ ਇੰਨੀ ਤਾਕਤ ਹੈ। 'ਬਿਖਯਾ ਭਯੰਤਿ....ਭੀਤੰ ਤ ਨਿਰਭਯਹ॥'[29]

**ਸਹਿਣਸ਼ੀਲਤਾ :** ਸਹਿਣਸ਼ੀਲਤਾ ਆਪਣੇ ਆਪ ਵਿਚ ਬਹੁਤ ਵੱਡਾ ਗੁਣ ਹੈ ਜੋ ਵੈਰੀ ਨੂੰ ਸੱਜਣ ਬਣਾਉਣ ਦੀ ਤਾਕਤ ਰਖਦਾ ਹੈ। ਮਨੁੱਖ ਅੰਦਰ ਸਹਿਣਸ਼ੀਲਤਾ ਦਾ ਗੁਣ ਹੋਣਾ ਬਹੁਤ ਲਾਜ਼ਮੀ ਹੈ। ਕਿਉਂਕਿ ਅੰਦਰਲੇ ਹਿਰਦੇ (ਅੰਤਰ ਆਤਮਾ) ਦੀ ਸ਼ਾਂਤੀ ਲਈ ਸਹਿਣਸ਼ੀਲਤਾ ਇਕ ਦਾਰੂ (ਦਵਾਈ) ਤੋਂ ਵੱਧ ਕੇ ਕੰਮ ਕਰਦੀ ਹੈ। 'ਸਹਣ ਸੀਲ ਸੰਤੰ ਮਿਤ੍ਰਸ੍ਯ....ਆਵਧ ਹੋਇ ਉਪਤਿਸਟਤੇ॥'[30] ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਸਾਧੂ-ਸੰਤਾਂ ਦੇ ਸੁਭਾਅ 'ਚ ਸਹਿਣਸ਼ੀਲਤਾ ਵਾਲਾ ਗੁਣ ਮੌਜੂਦ ਹੁੰਦਾ ਹੈ ਇਸ ਕਰਕੇ ਉਨ੍ਹਾਂ ਲਈ ਵੈਰੀ (ਦੁਸ਼ਮਣ) ਤੇ ਸੱਜਣ (ਮਿੱਤਰ) ਇਕ ਸਮਾਨ ਹੁੰਦੇ ਹਨ। ਉਨ੍ਹਾਂ ਲਈ ਜੇ ਸੱਜਣ ਛੱਤੀ ਪ੍ਰਕਾਰ ਦੇ ਪਕਵਾਨ ਲੈ ਕੇ ਆ ਜਾਵੇ ਜਾਂ ਨਿੰਦਕ (ਵੈਰੀ) ਸ਼ਸਤਰ (ਆਵਧ) ਲੈ ਕੇ ਆ ਜਾਵੇ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਨਾਮ-ਸਿਮਰਨ ਦੁਆਰਾ ਉਨ੍ਹਾਂ ਦੀ ਅਵਸਥਾ ਇੰਨੀ ਉਚੀ ਹੋ ਜਾਂਦੀ ਹੈ ਕਿ ਉਹ ਤੇਰ-ਮੇਰ, ਆਪਣਾ-ਬੇਗਾਨਾ ਦਾ ਅਹਿਸਾਸ ਵੀ ਭੁੱਲ ਜਾਂਦੇ ਹਨ। ਉਨ੍ਹਾਂ ਨੂੰ ਹਰ ਜੀਵ ਵਿਚ ਉਹ ਪਰਮਾਤਮਾ ਰਮਿਆ ਦਿਖਾਈ ਦਿੰਦਾ ਹੈ। ਜਿਹੜੇ ਜੀਵ ਸਾਧ-ਸੰਗਤਿ ਵਿਚ ਜਾ ਕੇ ਹਰੀ ਦਾ ਨਾਮ (ਨਾਮ-ਸਿਮਰਨ) ਧਿਆਉਂਦੇ ਹਨ, ਉਹ ਸਦਾ ਸੁਖੀ ਵਸਦੇ ਹਨ। 'ਗੋਬਿੰਦ ਨਾਮ ਜਪੰਤਿ....ਪ੍ਰਾਣੀ ਸੁਖ ਬਾਸਨਹ॥'[31] ਸਲੋਕ ੩੯ ਵਿਚ ਗੁਰੂ ਸਾਹਿਬ ਦਸਦੇ ਹਨ ਕਿ 'ਨਹ ਸੀਤਲੰ ਚੰਦ੍ਰ....ਨਾਨਕ ਸੀਤਲੰ ਸਾਧ ਸ੍ਵਜਨਹ॥'[32] ਸ਼ਹਿਣਸ਼ੀਲਤਾ ਵਰਗੀ ਠੰਡਕ ਨਾ ਤਾ ਚੰਦ੍ਰਮਾ ਵਿਚ, ਨਾ ਹੀ ਚੰਦਨ ਵਿਚ ਹੈ। ਅਜਿਹੀ ਠੰਡਕ ਤਾਂ ਸਰਦੀ ਦੀ ਰੁੱਤ ਵਿਚ ਵੀ ਨਹੀਂ ਹੈ, ਜਿਹੜੀ ਠੰਡਕ ਸਾਧ-ਸੰਗਤਿ ਕਰਕੇ ਅੰਦਰ ਹਿਰਦੇ ਨੂੰ ਠਾਰ ਭਾਵ ਅੰਤਰੀਵੀਂ ਸ਼ਾਂਤੀ ਦਿੰਦੀ ਹੈ।

**ਗੁਰਮੁਖ (ਸਾਧੂ-ਸੰਤ, ਪੂਰਨ-ਪੁਰਖ, ਸ੍ਰੇਸ਼ਟ-ਮਨੁੱਖ) :** ਗੁਰੂ ਅਰਜਨ ਪਾਤਸ਼ਾਹ ਨੇ 'ਸਲੋਕ ਸਹਸਕ੍ਰਿਤੀ ਮਹਲਾ ੫' ਵਿਚ ਚਾਲੀਵੇਂ ਸਲੋਕ 'ਮੰਤ੍ਰੰ ਰਾਮ ਰਾਮ ਨਾਮੰ....ਨਾਨਕ ਨਾਮ ਸਾਧ ਸ੍ਵਜਨਹ॥'[33] ਵਿਚ ਗੁਰਮੁਖਿ ਜਾਂ ਗੁਰਸਿੱਖ ਲਈ ਛੇ ਲੱਛਣ ਜਾਂ ਨਿਸ਼ਾਨਿਆਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

- ਪਰਮਾਤਮਾ ਦਾ ਨਾਮ ਹਰ ਵੇਲੇ ਚੇਤੇ ਰਖਣਾ ਤੇ ਜੀਵਨ ਦੀ ਹਰੇਕ ਕਥਨੀ-ਕਰਨੀ ਦੌਰਾਨ ਉਸ ਅਕਾਲ-ਪੁਰਖ (ਪਰਮਾਤਮਾ) ਨੂੰ ਕਣ-ਕਣ ਵਿਚ ਰਮਿਆ ਹਾਜ਼ਰ-ਨਾਜ਼ਰ ਜਾਣਾ, ਕਿ ਸਾਡੀ ਹਰ ਗਤੀ-ਵਿਧੀ (ਕੰਮ-ਕਾਜ) ਤੇ ਉਹ ਧਿਆਨ (ਧਾਨ੍ਹੰ) ਰੱਖ ਰਿਹਾ ਹੈ। ਭਾਵ ਸਾਡੇ ਦੁਆਰਾ ਕੀਤੇ ਹਰ ਚੰਗੇ-ਮੰਦੇ ਕੰਮ ਤੇ ਉਸ ਪਰਮਾਤਮਾ ਦੀ ਨਜ਼ਰ ਹੈ।
- ਸੁੱਖ-ਦੁੱਖ ਨੂੰ ਪਰਮਾਤਮਾ ਦਾ ਹੁਕਮ ਸਮਝ ਕੇ ਜੀਵਨ ਦਾ ਅੰਗ ਸਮਝਣਾ, ਸਦਾਚਾਰ ਤੇ ਵੈਰ-ਰਹਿਤ ਜੀਵਨ ਦਾ ਨਿਰਬਾਹ ਕਰਨਾ।
- ਸਾਰੇ ਜੀਵਾਂ ਤੇ ਦਇਆ ਕਰਨਾ ਤੇ ਪੰਜੇ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਨੂੰ ਹਿਰਦੇ ਤੋਂ ਦੂਰ ਰਖਣਾ।
- ਪਰਮਾਤਮਾ ਦੇ ਨਾਮ ਨੂੰ ਭੋਜਨ ਸਮਝਣਾ (ਭਾਵ ਜਿਵੇਂ ਸਰੀਰਿਕ ਭੁੱਖ ਲਈ ਭੋਜਨ ਜ਼ਰੂਰੀ ਹੈ ਇਸੇ ਪ੍ਰਕਾਰ ਅੰਤਰੀਵੀਂ ਆਤਮਾ ਲਈ ਰੋਜ਼ ਨਾਮ-ਸਿਮਰਨ ਕਰਨਾ ਵੀ ਜ਼ਰੂਰੀ ਹੈ)। ਮਾਇਆ ਤੋਂ (ਭਾਵ ਸੰਸਾਰਿਕ ਪਦਾਰਥਾਂ) ਤੋਂ ਦੂਰ ਰਹਿਣਾ ਜਿਵੇਂ ਕਮਲ ਦਾ ਫੁੱਲ ਪਾਣੀ ਵਿਚ ਰਹਿ ਕੇ ਵੀ ਪਾਣੀ ਦੀ ਸਤਹ ਤੋਂ ਨਿਰਲੇਪ ਰਹਿੰਦਾ ਹੈ।
- ਗੁਰੂ ਦੇ ਉਪਦੇਸ਼ ਅਨੁਸਾਰ ਭਗਤੀ-ਭਾਵਨਾ ਦੇ ਨਾਲ-ਨਾਲ ਦੁਸ਼ਮਣ ਤੇ ਮਿੱਤਰ ਇਕ ਪ੍ਰਕਾਰ ਦਾ ਵਿਵਹਾਰ ਕਰਨਾ।
- ਪਰਾਈ ਨਿੰਦਾ-ਚੁਗਲੀ ਨਹੀਂ ਸੁਣਨੀ, ਅਹੰਕਾਰ ਤਿਆਗ ਕੇ ਸਭ ਦੇ ਚਰਨਾਂ ਦੀ ਧੂੜ ਬਣ ਜਾਣਾ, ਭਾਵ ਸਭ ਨਾਲ ਨਿਮਰਤਾ ਤੇ ਪਿਆਰ ਦੀ ਸਾਂਝ ਪਾਉਣਾ।

ਜਿਨ੍ਹਾਂ ਵਿਚ ਇਹ ਛੇ ਲੱਛਣ ਜਾਂ ਨਿਸ਼ਾਨਿਆਂ ਹੁੰਦੀਆਂ ਹਨ ਉਹ ਗੁਰਮੁਖਿ, ਸਾਧੂ-ਸੰਤਾਂ ਜਾਂ ਸ੍ਰੇਸ਼ਟ ਮਨੁੱਖ ਹੁੰਦੇ ਹਨ।

**ਨਾਮ-ਸਿਮਰਨ :** ਗੁਰੂ ਪਾਤਸ਼ਾਹ ਅਖੀਰਲੇ ਸਹਸਕ੍ਰਿਤੀ ਸਲੋਕ ਰਾਹੀਂ ਪੱਕੇ ਵਿਸ਼ਵਾਸ ਤੇ ਦ੍ਰਿੜ੍ਹਤਾ ਨਾਲ ਮਨੁੱਖ ਨੂੰ ਸੇਧ ਦਿੰਦੇ ਹਨ ਕਿ ਜਿਹੜੇ ਮਨੁੱਖ ਪਰਮਾਤਮਾ ਦੀ ਭਗਤੀ (ਨਾਮ-ਸਿਮਰਨ) ਵਿਚ ਮਸਤ ਰਹਿ ਕੇ ਪ੍ਰਭੂ ਚਰਨਾਂ ਨਾਲ ਪ੍ਰੀਤ ਬਣਾਈ ਰਖਦਾ ਹੈ ਉਹ ਭਵ-ਸਾਗਰ

(ਆਵਾਗਵਣ) ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ ਭਾਵ ਗੁਰਮੁਖਿ ਦੀ ਸਾਧ-ਸੰਗਤਿ ਕਰਨ ਨਾਲ ਅਨੇਕ ਪਾਪ ਨਾਸ ਹੋ ਜਾਂਦੇ ਹਨ। ਇਸ ਵਿਚ ਕੋਈ ਦੁਬਿਧਾ ਨਹੀਂ ਹੈ ਕਿ ਇਹ ਲੋਕ ਸੁਖੀਆ ਤੇ ਪਰਲੋਕ ਸੁਹੇਲਾ ਕਰਨ ਦੀ ਸਮਰਥਾ ਰਖਦੀ ਹੈ:

ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ॥

ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ॥[34]

**ਮਲੀਣ-ਮਾਨਸਿਕਤਾ :** ਗੁਰੂ ਅਰਜਨ ਪਾਤਸ਼ਾਹ ਨੇ 'ਸਲੋਕ ਸਹਸਕ੍ਰਿਤੀ ਮਹਲਾ ੫' ਵਿਚ ਦੇ ੧੦ਵੇਂ ਅਤੇ ੬੬ਵੇਂ ਸਲੋਕ ਰਾਹੀਂ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ 'ਨਹ ਬਿਲੰਬ ਧਰਮੰ....ਨਾਮੰ ਤਜੰਤ ਲੋਭੰ॥'[35] ਧਰਮ ਦੇ ਕਾਰਜ ਕਰਨ ਸਮੇਂ ਬਿਲਕੁਲ ਵੀ ਢਿੱਲ ਨਹੀਂ ਕਰਨੀ ਚਾਹੀਦੀ। ਅੱਜ ਕਰਨ ਵਾਲੇ ਕਾਰਜ ਕੱਲ੍ਹ ਤੇ ਨਹੀਂ ਛੱਡਣਾ ਚਾਹੀਦਾ ਬਲਕਿ ਅੱਜ ਹੀ ਖ਼ਤਮ ਦੇਣਾ ਚਾਹੀਦਾ ਹੈ। ਉਪਰੋਕਤ ਸਲੋਕ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਜੇ ਆਪਣੀ ਮਾਨਸਿਕਤਾ ਵਿਚ ਪੱਕੀ ਤਰ੍ਹਾਂ ਪਰਮਾਤਮਾ ਦਾ ਨਾਮ ਦ੍ਰਿੜ੍ਹ ਕਰ ਲਿਆ ਜਾਵੇ ਤਾਂ ਫਿਰ ਜ਼ਿੰਦਗੀ ਵਿਚ ਲੋਭ, ਮੋਹ, ਭੁੱਖ, ਤ੍ਰਿਸ਼ਨਾ, ਦੁੱਖ-ਸੁੱਖ ਦੀਆਂ ਸੀਮਾਂਵਾਂ ਨੂੰ ਪਾਰ ਕਰ ਲਿਆ ਜਾਂਦਾ ਹੈ ਅਤੇ ਅੰਦਰਲੇ ਹਿਰਦੇ ਵਿਚ ਪਰਮ ਸ਼ਾਂਤੀ ਦਾ ਆਨੰਦ ਮਿਲਦਾ ਹੈ। ਪਰ ਜਿਹੜੇ ਮਨੁੱਖ 'ਪਰ ਦਰਬ ਹਿਰਣੰ ਬਹੁ....ਕਰਮ ਕਰਤ ਸਿ ਸੂਕਰਹ॥'[36] ਦੂਜਿਆਂ ਦੇ ਹੱਕਾਂ ਨੂੰ ਮਾਰਦਾ, ਪਰਾਏ (ਦਰਬ) ਧਨ ਨੂੰ ਚੁਰਾਉਂਦਾ (ਹਿਰਣੰ), ਦੂਸਰਿਆਂ ਲਈ ਰੁਕਾਵਟਾਂ ਖੜ੍ਹੀਆਂ ਕਰਦਾ, ਵਾਧਾ-ਘਾਟਾ (ਬੋਲ-ਕੁਬੋਲ) ਬੋਲਦਾ ਰਹਿੰਦਾ ਹੈ, ਉਹ ਤ੍ਰਿਸ਼ਨਾਵਾਂ ਵਿਚ ਫਸ ਕੇ ਹਮੇਸ਼ਾ ਹਾਏ-ਹਾਏ ਕਰਦਾ ਰਹਿੰਦਾ ਹੈ। ਇਸ ਪ੍ਰਕਾਰ ਦੇ ਮਨੁੱਖ ਸੂਰਾਂ ਵਰਗੇ ਕਰਮ ਕਰਦੇ ਹਨ ਜਿਵੇਂ ਸੂਰ ਹਮੇਸ਼ਾ ਗੰਦਗੀ ਵੱਲ ਹੀ ਆਕਰਸ਼ਿਤ ਹੁੰਦਾ ਹੈ। ਮਨੁੱਖ ਵੀ ਮੋਹ-ਮਾਇਆ ਦੀ ਤ੍ਰਿਸ਼ਨਾਂ ਵਲ ਆਕਰਸ਼ਿਤ ਹੋ ਕੇ ਆਪਣੀ ਬੁੱਧੀ ਮਲੀਣ ਕਰਦਾ ਹੈ।

**ਨਾਸ਼ਵਾਨਤਾ :** ਇਸ ਸਲੋਕ 'ਘਟੰਤ ਰੂਪੰ ਘਟੰਤ ਦੀਪੰ....ਮਾਇਆ ਸ੍ਵਰੂਪੰ ॥'[37] ਰਾਹੀਂ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਕੁਝ ਵੀ ਇਸ ਧਰਤੀ ਤੇ ਸਦੀਵੀਂ ਰਹਿਣ ਵਾਲਾ ਨਹੀਂ ਹੈ। ਇਕ ਦਿਨ ਸਭ ਖ਼ਤਮ ਹੋ ਜਾਣਾ ਹੈ। ਰੂਪ (ਸੂਰਤ ਦਾ ਸੋਹਣਾਪਣ), ਦੀਪ, ਤਾਰੇ, ਆਕਾਸ਼, ਪਹਾੜ, ਬਨਸਪਤੀ, ਪੁੱਤਰ, ਇਸਤ੍ਰੀ, ਭਰਾ ਅਤੇ ਸਾਕ-ਸੰਬੰਧੀ, ਸੋਨਾ, ਮੋਤੀ, ਹੀਰੇ ਅਤੇ ਮਾਇਆ ਸਭ ਪਦਾਰਥ ਨਾਸ਼ਵਾਨ ਹੈ। 'ਨਹ ਘਟੰਤ ਕੇਵਲ ਗੋਪਾਲ....ਨਾਨਕ ਸਾਧ ਜਨ॥'[38] ਕੇਵਲ-ਤ-ਕੇਵਲ ਪਰਮਾਤਮਾ (ਅਕਾਲ-ਪੁਰਖ) ਸਦਾ ਸਥਿਰ ਰਹਿਣ ਵਾਲਾ ਹੈ ਕਿਉਂਕਿ ਉਹ ਅਜੂਨੀ ਹੈ ਤੇ ਉਹ ਕਦੇ ਵੀ ਨਾਸ਼ ਨਹੀਂ ਹੁੰਦਾ। ਪਰਮਾਤਮਾ ਦਾ ਨਾਮ ਜਪਣ ਵਾਲਾ ਗੁਰਮੁਖਿ ਜਾਂ ਸ੍ਰੇਸ਼ਟ ਪੁਰਸ਼ ਵੀ ਨਾਸ਼ ਰਹਿਤ ਹੈ ਭਾਵ ਉਹ ਆਵਾਗਵਣ (ਜਨਮ-ਮਰਨ) ਦੇ ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ।

**ਸਾਰ:** ਅੰਤ ਵਿਚ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਸਾਰੇ ਸਲੋਕ ਹੰਕਾਰੀ ਪੰਡਤਾਂ ਦੇ ਹੰਕਾਰ ਨੂੰ ਨਵਿਰਤ ਕਰਨ, ਗਿਆਨ ਚਰਚਾ ਕਰਨ, ਜਗਤ ਦੇ ਜੀਵਾਂ ਦਾ ਉਦਾਰ (ਕਲਿਆਣ) ਅਤੇ ਸੰਸਾਰੀ ਅਡੰਬਰਾਂ ਤੋਂ ਬਚਾਉਣ ਲਈ ਉਚਾਰਨ ਕੀਤੇ ਸਨ। ਸਚੇ ਪ੍ਰੇਮ ਦਾ ਮਾਰਗ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ, ਨਾਮ-ਸਿਮਰਨ ਦੁਆਰਾ ਅਧਿਆਤਮਕ ਸਿਧੀ ਹਾਸਲ ਹੁੰਦੀ ਹੈ। ਗੁਰੂ ਅਰਜਨ ਪਾਤਸ਼ਾਹ ਦੇ ਸਲੋਕ ਸਹਸਕ੍ਰਿਤੀ ਮਹਲਾ ੫ ਸਿਰਲੇਖ ਅਧੀਨ ਰਚਿਤ ਸਲੋਕਾਂ ਵਿਚ ਦਸਿਆ ਹੈ ਕਿ ਮਨੁੱਖ ਨਾਲ ਸਦੀ ਨਿਭਣ ਵਾਲਾ ਸਾਥੀ ਰਾਮ-ਨਾਮ (ਵਾਹਿਗੁਰੂ) ਹੈ। ਪਰ ਮਾਇਆ ਦੇ ਪ੍ਰਭਾਵ ਕਰਕੇ ਮਨੁੱਖ ਆਪਣੇ ਵਾਸਤਵਿਕ ਸਾਥੀ ਨੂੰ ਭੁਲਾ ਕੇ ਵਿਸ਼ੇ-ਵਾਸ਼ਨਾਵਾਂ ਵਿਚ ਫਸਿਆ ਰਹਿੰਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਅਤੇ ਗੁਰੂ ਦੀ ਅਗਵਾਈ ਦੁਆਰਾ ਮਨੁੱਖ ਨੂੰ ਸਹੀ ਸੁਝ ਤੇ ਮਾਰਗ ਪ੍ਰਾਪਤ ਹੁੰਦਾ ਹੈ। ਨਾਮ-ਸਿਮਰਨ ਦਾ ਅਭਿਆਸ ਸਾਧ-ਸੰਗਤਿ ਵਿਚ ਜਾ ਕੇ ਕੀਤਾ ਜਾ ਸਕਦਾ ਹੈ। ਹਿਰਦੇ ਵਿਚ ਦਵੈਤ-ਭਾਵ ਰਖ ਕੇ ਸਾਰੇ ਕਰਮ ਵਿਅਰਥ ਹਨ ਇਸ ਲਈ ਇਨ੍ਹਾਂ ਨੂੰ ਤਿਆਗਣਾ ਚਾਹੀਦਾ ਹੈ। ਅਸਲ ਵਿਚ ਮਨੁੱਖ ਦਾ ਉਧਾਰ ਪਰਮਾਤਮਾ ਦੀ ਕਿਰਪਾ ਦੁਆਰਾ ਪ੍ਰਾਪਤ ਸਾਧ-ਸੰਗਤਿ ਵਿਚ ਜਾਣ ਨਾਲ ਹੁੰਦਾ ਹੈ।

## ਹਵਾਲੇ ਤੇ ਟਿੱਪਣੀਆਂ

[1] ਕਾਨ੍ਹ ਸਿੰਘ ਨਾਭਾ, (ਭਾਈ), *ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 235.

[2] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1996, ਪੰਨਾ ੧੩੫੩.

[3] ਰਤਨ ਸਿੰਘ ਜੱਗੀ, (ਡਾ.), *ਸਿੱਖ ਪੰਥ ਵਿਸ਼ਵਕੋਸ਼,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 268.

[4] *ਮਹਾਨ ਕੋਸ਼,* ਪੰਨਾ 136.

[5] ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨੇ 56-57.
[6] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 876.
[7] ਬਦਨ ਸਿੰਘ ਸੇਖਵਾਂ, (ਗਿ.), *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (* ਫਰੀਦਕੋਟ ਵਾਲਾ ਟੀਕਾ), ਭਾਸ਼ਾ ਵਿਭਾਗ, ਪੰਜਾਬ, 1992, ਪੰਨਾ 2740.
[8] ਕਿਰਪਾਲ ਸਿੰਘ (ਸੰਤ), *ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ* (ਪੋਥੀ ਦਸਵੀਂ), ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1977, ਪੰਨਾ 128.

[9] ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਚ ਵਾਲਾ ਟੀਕਾ), ਪੰਨਾ 2741.

[10] ਭਗਤ ਸਿੰਘ, ਗੁਰ ਬਿਲਾਸ ਪਾਤਸ਼ਾਹੀ ੬, ਅਧਿ ੪, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ ੧੧੦.

[11] ਸੰਤੋਖ ਸਿੰਘ, (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ੬, ਭਾਈ ਵੀਰ ਸਿੰਘ (ਸੰਪਾ.), ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ, 1929. ਪੰਨਾ ੨੧੧੯.
[12] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ਚਾਰ), ਪੰਨਾ ੧੩੫੩.

13 ਉਹੀ, ਪੰਨਾ ੧੩੫੩.
14 ਉਹੀ, ਪੰਨਾ ੧੩੫੩.
15 ਉਹੀ, ਪੰਨਾ ੧੩੫੩.
16 ਉਹੀ, ਪੰਨਾ ੧੩੫੪.
17 ਉਹੀ, ਪੰਨਾ ੧੩੫੫.
18 ਉਹੀ, ਪੰਨਾ ੧੩੫੪
19 ਉਹੀ, ਪੰਨਾ ੧੩੫੪.
20 ਉਹੀ, ਪੰਨਾ ੧੩੫੪.
21 ਉਹੀ, ਪੰਨਾ ੧੩੫੪.
22 ਉਹੀ, ਪੰਨਾ ੧੩੫੪.
23 ਉਹੀ, ਪੰਨਾ ੧੩੫੫.
24 ਉਹੀ, ਪੰਨਾ ੧੩੫੫.
25 ਉਹੀ, ਪੰਨਾ ੧੩੫੫.
26 ਉਹੀ, ਪੰਨਾ ੧੩੫੫-੧੩੫੬.
27 ਉਹੀ, ਪੰਨਾ ੧੩੫੬.
28 ਉਹੀ, ਪੰਨਾ ੧੩੫੬
29 ਉਹੀ, ਪੰਨਾ ੧੩੫੭.
30 ਉਹੀ, ਪੰਨਾ ੧੩੫੬.
31 ਉਹੀ, ਪੰਨਾ ੧੩੫੬.
32 ਉਹੀ, ਪੰਨਾ ੧੩੫੭.
33 ਉਹੀ, ਪੰਨਾ ੧੩੫੭.
34 ਉਹੀ, ਪੰਨਾ ੧੩੯੦.
35 ਉਹੀ, ਪੰਨਾ ੧੩੫੪.
36 ਉਹੀ, ਪੰਨਾ ੧੩੯੦.
37 ਉਹੀ, ਪੰਨਾ ੧੩੫੪.
38. ਉਹੀ, ਪੰਨਾ ੧੩੫੪.